Punjabi
July 2001
[BHC-5915]

# ਔਰਤਾਂ ਵਲੋਂ ਗਰਭਪਾਤ ਬਾਰੇ ਪੁਛੇ ਜਾਣ ਵਾਲੇ ਸਵਾਲ
# Questions women ask about abortion

ਗਰਭਪਾਤ, ਅਸਟਰੇਲੀਆ ਵਿਚ ਵਰਤਿਆ ਜਾਣ ਵਾਲਾ ਸਰਜੀਕਲ ਤਰੀਕਾ ਹੈ। ਇਹ ਸਾਰੇ ਸਟੇਟਾਂ ਦੀਆਂ ਕਈ ਕਲਿਨਿਕਾਂ ਅਤੇ ਹਸਪਤਾਲਾਂ ਵਿਚ ਵਰਤਿਆ ਜਾਂਦਾ ਹੈ।

## ਕੀ ਅਸਟਰੇਲੀਆ ਵਿਚ ਗਰਭਪਾਤ ਕਰਾਉਣਾ ਜਾਇਜ਼ ਹੈ?

ਗਰਭਤਾਤ ਜਾਇਜ਼ ਹੈ, ਜੇ ਉਹ ਔਰਤ ਦੀ ਮਰਜ਼ੀ ਨਾਲ ਅਤੇ ਇਕ ਕਾਬਲ ਡਾਕਟਰ ਵਲੋਂ ਕੀਤਾ ਜਾਵੇ। ਡਾਕਟਰ (ਅਸਟਰੇਲੀਆ ਦੇ ਕਈ ਸਟੇਟਾਂ ਵਿਚ ਦੋ ਡਾਕਟਰਾਂ) ਦੇ ਖਿਆਲ ਵਿਚ ਇਹ ਗਲ ਯਕੀਨਨ ਹੋਣੀ ਚਾਹੀਦੀ ਹੈ ਕਿ ਗਰਭਪਾਤ ਕਰਨਾ ਉਸ ਔਰਤ ਦੀ ਜ਼ਿੰਦਗੀ, ਸਿਹਤ ਜਾਂ ਉਸ ਦੀ ਦੀਮਾਗੀ ਹਾਲਤ ਨੂੰ ਸਥਿਰ ਰੱਖਣ ਲਈ ਜ਼ਰੂਰੀ ਹੈ। ਡਾਕਟਰ ਨੂੰ ਇਸ ਕਦਮ ਦੇ ਡਾਕਟਰੀ, ਆਰਥਿਕ ਅਤੇ ਸੋਸ਼ਲ ਕਾਰਣਾਂ ਬਾਰੇ ਵਿਚਾਰਨ ਦੀ ਲੋੜ ਹੈ।

## ਗਰਭ ਅਵਸਥਾ ਦੇ ਕਿਸ ਸਟੇਜ ਤੇ ਗਰਭਪਾਤ ਕੀਤਾ ਜਾਂਦਾ ਹੈ?

ਇਹ ਕਲਿਨਿਕ ਤੇ ਅਨਿਸਚਿਤ ਹੁੰਦਾ ਹੈ, ਪਰ ਆਮ ਤੌਰ ਤੇ ਇਹ ਗਰਭਵਤੀ ਹੋਣ ਦੇ ਛੇਵੇਂ ਹਫਤੇ ਤੋਂ ਬਾਦ ਅਤੇ ਬਾਰਵੇਂ ਹਫਤੇ ਤੋਂ ਪਹਿਲਾਂ ਕੀਤਾ ਜਾਂਦਾ ਹੈ। ਕਈ ਹਾਲਾਤਾਂ ਵਿਚ ਇਹ ਇਸ ਸਮੇਂ ਤੋਂ ਬਾਦ ਵੀ ਕੀਤਾ ਜਾ ਸਕਦਾ ਹੈ, ਪਰ ਡਾਕਟਰ ਵਲੋਂ ਇਸ ਬਾਰੇ ਪੂਰਾ ਜਾਇਜ਼ਾ ਲੈਣ ਬਾਦ ਹੀ, ਜਿਸ ਵਿਚ ਉਸ ਨੂੰ ਕਈ ਹੋਰ ਡਾਕਟਰਾਂ ਦੀ ਰਾਏ ਵੀ ਲੈਣੀ ਪੈ ਸਕਦੀ ਹੈ। ਔਰਤਾਂ ਨੂੰ ਇਸ ਬਾਰੇ ਪੂਰੀ ਕਾਉਨਸਲਿੰਗ ਦਿਤੀ ਜਾਣ ਦੀ ਲੋੜ ਹੈ।

## ਇਸ ਅਪਰੇਸਨ ਦੁਆਰਾ ਕੀ ਹੁੰਦਾ ਹੈ?

ਔਰਤ ਇਹ ਕਾਰਵਾਈ ਲਈ ਜਨਰਲ ਐਨਸਥੈਟਿੱਕ (ਪੂਰੀ ਬੇਹੋਸ਼ੀ) ਜਾਂ ਟੀਕੇ ਰਾਂਹੀ ਸ਼ਾਂਤਕਰਣ ਦਵਾਈ (ਸਡੇਸ਼ਨ) ਦੇ ਚੋਣ ਕਰ ਸਕਦੀ ਹੈ। ਸ਼ਾਂਤਕਰਣ ਦਵਾਈ ਨਾਲ ਬਹੁਤ ਔਰਤਾਂ ਨੂੰ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ, ਜਿਵੇਂ ਉਹ ਸੁਤੀਆਂ ਹੋਣ ਅਤੇ ਉਨ੍ਹਾ ਨੂੰ ਇਸ ਕਾਰਵਾਈ ਬਾਰੇ ਕੋਈ ਵੀ ਯਾਦ ਨਹੀਂ ਹੁੰਦੀ। ਡਾਕਟਰ ਇਕ ਯੰਤਰ ਰਾਹੀਂ ਬੱਚੇਦਾਨੀ ਨੂੰ ਸਾਫ ਕਰ ਦਿੰਦਾ ਹੈ। ਇਸ ਕਾਰਵਾਈ ਨੂੰ ਸਿਰਫ ਦਸ ਮਿੰਟ ਹੀ ਲਗਦੇ ਹਨ ।

## ਇਸ ਤੋਂ ਬਾਦ ਕੀ ਹੁੰਦਾ ਹੈ?

ਕੁਝ ਅਰਾਮ ਕਰਨ ਤੋਂ ਬਾਦ ਔਰਤ ਘਰ ਜਾ ਸਕਦੀ ਹੈ। ਥੋੜੇ ਜਿਹੇ ਖ਼ੂਨ ਤੋਂ ਇਲਾਵਾ, ਮਾਮੂਲੀ ਜਿਹੀ ਤੰਗੀ ਅਤੇ ਥਕਾਵਟ ਵੀ ਹੋ ਸਕਦੀ ਹੈ, ਸੋ ਉਸ ਦਿਨ ਘਰ ਅਰਾਮ ਕਰਨਾ ਹੀ ਚੰਗਾ ਸਮਝਿਆ ਜਾਂਦਾ ਹੈ।

## ਗਰਭਪਾਤ ਕਰਨ ਦਾ ਖਰਚਾ ਕੀ ਹੁੰਦਾ ਹੈ?

ਇਹ ਘਟ ਵਧ ਹੋ ਸਕਦਾ ਹੈ, ਪਰ ਮੈਡੀਕੈਰ ਹੋਲੋਡਰਾਂ ਲਈ ਲੋਕਲ ਐਨਸਥੈਟਿੱਕ (ਜਾਂ ਸ਼ਾਂਤਕਰਣ ਟੀਕੇ ਨਾਲ) ਤੁਹਾਨੂੰ ੧੩੦ ਤੋਂ ੧੯੦ ਡਾਲਰ ਦੇਣੇ ਪੈ ਸਕਦੇ ਹਨ। ਜਨਰਲ ਐਨਸਥੈਟਿੱਕ ਨਾਲ ਕੀਤੇ ਗਰਭਪਾਤ ਲੇਈ ਖਰਚਾ ੩੩੫ ਡਾਲਰ ਤੱਕ ਹੋ ਸਕਦਾ ਹੈ।

## ਇਸ ਕਾਰਵਾਈ ਦੁਆਰਾ ਕੋਈ ਮੁਸ਼ਕਲਾਂ ਵੀ ਪੈਦਾ ਹੋ ਸਕਦੀਆਂ ਹਨ?

ਜੇ ਗਰਭਪਾਤ ਕਿਸੇ ਕਾਬਲ ਡਾਕਟਰ ਅਤੇ ਕਿਸੇ ਕਲਿਨਿਕ ਜਾਂ ਹਸਪਤਾਲ ਵਿਚ ਕੀਤਾ ਹੋਵੇ, ਕੋਈ ਡਰ ਵਾਲੀ ਗਲ ਨਹੀਂ ਹੁੰਦੀ। ਇਸ ਤੋਂ ਇਹ ਖਤਰੇ ਹੋ ਸਕਦੇ ਹਨ:

- ਇਨਫੈਕਸ਼ਨ
  ਇਹ ਤਾਂ ਕਿੱਸੇ ਸਰਜਰੀ ਤੋਂ ਬਾਦ ਵੀ ਹੋ ਸਕਦਾ ਹੈ, ਪਰ ਇਸ ਖਤਰੇ ਦੇ ਬਚਾਵ ਲਈ ਐਂਟੀਬਾਇਟਿੱਕ ਦਿਤੇ ਜਾਂਦੇ ਹਨ ਅਤੇ ਔਰਤਾਂ ਨੂੰ ਇਨ੍ਹਾ ਮੁਸ਼ਕਲਾਂ ਦੇ ਬਚਾਵ ਲਈ ਕਿਹਾ ਜਾਂਦਾ ਹੈ, ਕਿ ਉਹ ਦੋ ਹਫਤਿਆਂ ਲਈ ਬਾਥ ਦੀ ਥਾਂ ਸ਼ਾਵਰ ਕਰਨ, ਸਵਿਮਿੰਗ ਅਤੇ ਸੰਭੋਗ ਨਾ ਕਰਨ ਅਤੇ ਨਾ ਹੀ ਟੈਮਪੋਨ ਦੀ ਵਰਤੋਂ ਕਰਨ। ਜੇ ਇਨਫੈਕਸ਼ਨ ਹੋ ਵੀ ਜਾਵੇ, ਤਾਂ ਇਸ ਦੇ ਤੁਰੰਤ ਇਲਾਜ ਨਾਲ ਔਰਤ ਦੇ ਭਵਿੱਖ ਵਿਚ ਗਰਭਵਤੀ ਨਾ ਹੋ ਸਕਣ ਦੇ ਡਰ ਤੋਂ ਬਚਾਵ ਕੀਤਾ ਜਾ ਸਕਦਾ ਹੈ।

- **ਇਸ ਕਾਰਵਾਈ ਨੂੰ ਦੁਹਰਾਉਣਾ**
  ਸੌਵਾਂ ਵਿਚੋਂ ਇਕ ਕੇਸ ਵਿਚ, ਬੱਚੇਦਾਨੀ ਦੇ ਚੰਗੀ ਤਰ੍ਹਾ ਖਾਲੀ ਨਾ ਕੀਤੇ ਜਾਣ ਤੇ ਭਾਰੀ ਖੂੰਨ, ਸਖਤ ਦਰਦ ਅਤੇ ਬੁਖਾਰ ਵੀ ਹੋ ਸਕਦਾ ਹੈ। ਇਸ ਤਰ੍ਹਾ ਹੋਣ ਨਾਲ ਔਰਤ ਦੇ ਦੁਬਾਰਾ ਗਰਭਪਾਤ ਕਰਨ ਦੀ ਲੋੜ ਪੈਦਾ ਹੋ ਸਕਦੀ ਹੈ।

- **ਬੱਚੇਦਾਨੀ ਦਾ ਨੁਕਸਾਨ ਹੋ ਜਾਣਾ।**
  ਤਕਰੀਬਨ ਇਕ ਹਜਾਰ ਗਰਭਪਾਤਾਂ ਵਿਚੋਂ ਇਕ ਗਰਭਪਾਤ ਵਿਚ, ਉਸ ਸਮੇਂ ਵਰਤੇ ਜਾਣ ਵਾਲੇ ਯੰਤਰ ਨਾਲ ਬੱਚੇਦਾਨੀ ਵਿਚ ਸ਼ੇਖ ਜਾਂ ਪਾੜ ਹੋ ਸਕਦਾ ਹੈ। ਇਹ ਪਾੜ ਆਮ ਛੋਟਾ ਹੋਣ ਕਰਕੇ, ਬਿਨਾ ਕਿਸੇ ਮੁਸ਼ਕਲ ਪੈਦਾ ਕੀਤੇ ਆਪ ਹੀ ਠੀਕ ਹੋ ਜਾਂਦਾ ਹੈ। ਜੇ ਡਾਕਟਰ ਨੂੰ ਸ਼ੱਕ ਪਵੇ ਕਿ ਔਰਤ ਦੀ ਅੰਤੜੀ ਨੂੰ ਕੋਈ ਨੁਕਸਾਨ ਪਹੁੰਚਿਆ ਹੈ, ਤਾਂ ਉਹ ਫਿਰ ਉਸ ਨੂੰ ਹਸਪਤਾਲ ਦਾਖਲ ਕਰਵਾ ਸਕਦਾ ਹੈ।

## ਕੀ ਗਰਭਪਾਤ ਕਰਵਾਉਣ ਨਾਲ ਕੈਨਸਰ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ?

ਗਰਭਪਾਤ ਤੋਂ ਬਾਦ ਸੋਗ, ਗੁੱਸਾ ਅਤੇ ਨਾਲ ਹੀ ਇਕ ਤਰ੍ਹਾ ਦਾ ਛੁਟਕਾਰਾ ਜਿਹਾ ਮਹਿਸੂਸ ਕਰਨਾ ਸੁਭਾਵਿਕ ਗਲਾਂ ਹਨ । ਇਸ ਸਭ ਦੇ ਬਾਵਜੂਦ ਜੇ ਔਰਤ ਬਹੁਤ ਦੁਖ ਜਾਂ ਕਸ਼ਟ ਮਹਿਸੂਸ ਕਰੇ ਤਾਂ ਉਸ ਨੂੰ ਠੀਕ ਅਸੈਸਮੈਂਟ ਅਤੇ ਸਲਾਹ (ਕਾਉਨਸਲਿੰਗ) ਪ੍ਰਦਾਨ ਕਰਨ ਦੀ ਜ਼ਰੂਰਤ ਹੈ। ਭਾਂਵੇਂ ਜ਼ਿਆਦਾ ਔਰਤਾਂ ਨੂੰ ਲੰਮੇ ਸਮੇ ਲਈ ਕੋਈ ਮਾਨਸਿੱਕ ਤਕਲੀਫ ਨਹੀਂ ਹੁੰਦੀ, ਖੋਜ ਤੋਂ ਪਤਾ ਲਗਦਾ ਹੈ ਕਿ ਜੇ ਔਰਤ ਤੇ ਗਰਭਪਾਤ ਕਰਾਉਣ ਲਈ ਕੋਈ ਜ਼ੋਰ ਪਾਇਆ ਗਿਆ ਹੋਵੇ, ਤਾਂ ਉਹ ਕਈ ਮੁਸ਼ਕਲਾਂ ਮਹਿਸੂਸ ਕਰ ਸਕਦੀ ਹੈ। ਬਹੁਤ ਸਾਰੀਆਂ ਔਰਤਾਂ ਨੂੰ ਇਹ ਚੋਣ ਕਰਨ (ਗਰਭਪਾਤ ਕਰਾਉਣ ਬਾਰੇ) ਲਈ ਮੌਕਾ ਦਿਤੇ ਜਾਣ ਲਈ ਸਮਾ ਚਾਹੀਦਾ ਹੈ ਅਤੇ ਉਨ੍ਹਾ ਨੂੰ ਇਹ ਚੋਣ ਕਰਨ ਬਾਦ ਵੀ ਹੌਂਸਲਾ ਦੇਣ ਦੀ ਲੋੜ ਹੈ।

## ਹੋਰ ਜਾਣਕਾਰੀ ਕਿਥੋਂ ਲਈ ਜਾ ਸਕਦੀ ਹੈ?

ਤੁਹਾਡੇ ਡਾਕਟਰ ਕੋਲੋਂ, ਵਿਮੈਨਸ ਹੈਲਥ ਸੈਂਟਰ ਜਾਂ ਐਫ ਪੀ ਏ ਹੈਲਥ ਕਲਿਨਿੱਕ (ਪਹਿਲਾਂ ਇਹ ਫੈਮਿੱਲੀ ਪਲਾਨਿੰਗ ਕਲਿਨਿੱਕ ਕਰਕੇ ਜਾਣੀ ਜਾਂਦੀ ਸੀ)ਇਹ ਸਾਰੇ ਤੁਹਾਨੂੰ ਗਰਭਪਾਤ ਕਰਨ ਵਾਲੀਆਂ ਕਲਿਨਿਕਾਂ ਬਾਰੇ ਦਸ ਸਕਦੇ ਹਨ ਅਤੇ ਇਸ ਲਈ ਤੁਹਾਨੂੰ ਕੋਈ ਰੀਫਰਲ ਵੀ ਨਹੀਂ ਚਾਹੀਦੀ। ਤੁਸੀਂ ਪ੍ਰੈਗਨੱਨਸੀ ਟਰਮਿਨੇਸ਼ਨ ਸਰਵਿੱਸਸ ਦੇ ਸਿਰਲੇਖ ਹੇਠਾਂ ਯੈਲੋ ਪੇਜਸ ਡਾਇਰੈਕਟਰੀ ਵਿਚ ਵੀ ਵੇਖ ਸਕਦੇ ਹੋ।

ਜੇ ਤੁਹਾਨੂੰ ਅੰਗਰੇਜ਼ੀ ਵਿਚ ਟੈਲੀਫੋਨ ਕਰਨ ਲਈ ਮਦਦ ਦੀ ਲੋੜ ਹੈ, ਤਾਂ ਟਰਾਂਸਲੇਟਿੰਗ ਐਂਡ ਇੰਟਰਪ੍ਰੇਟਿੰਗ ਸਰਵਿਸੱਸ ਨੂੰ (TIS) ੧੩੧ ੪੫੦ ਤੇ ਫੋਨ ਕਰੋ।

ਤੁਹਾਡੀ ਆਪਣੀ ਭਾਸ਼ਾ ਵਿਚ ਤੁਹਾਨੂੰ ਸਿਹਤ ਸਬੰਧੀ ਵਧੇਰੇ ਜਾਣਕਾਰੀ ਇਸ ਮਲਟੀਕਲਚਰਲ ਵੈਬਸਾਈਟ ਤੋਂ ਮਿਲ ਸਕਦੀ ਹੈ <http://mhcs.health.nsw.gov.au>.